# ਅਏ ਮੇਰੇ ਪੰਜਾਬ

ਅਏ ਮੇਰੇ ਪੰਜਾਬ ਤੇਰੀ ਅਗ ਬੁਝੋਣੀ ਚਾਹੁੰਦਾ
ਐਸੇ ਮੋਕੇ ਕੀ ਕਰੀਦਾ ਮੈਨੂੰ ਸਮਝ ਨਹੀਂ ਆਓਂਦਾ

ਦੋ ਦਹਾਕੇ ਮਸਾਂ ਬੀਤਦੇ ਫਿਰ ਕੋਈ ਨਜਰ ਲਗੋਂਦਾ
"ਅਮ੍ਰਿਤ" ਆ ਕੇ ਕੂਕਾਂ ਮਾਰੇ ਜਾਂ "ਵਾਰਸ" ਕੁਰ੍ਲੋਂਦਾ
ਦਿਸਦਾ ਕੋਈ ਸ਼ਿਕਾਰੀ ਮੁੜ ਕੇ ਤੀਰ ਕਮਾਨ ਲਿਓਂਦਾ
ਅਮਨ ਚੇਨ ਤੇ ਸ਼ਾਂਤੀ ਦਾ ਉਹ ਹਿਰਣ ਮਾਰਨਾਂ ਚਾਹੁੰਦਾ
ਜੇਕਰ ਕਿਧਰੇ ਹਰੀ ਵਿਚਾਰਾ ਬੇਸ਼ਕ ਪਿਆ ਕੁਰ੍ਲੋਂਦਾ
ਵਾਂਗ ਗਲੇਹਰੀ ਕਿਧਰੇ ਜੇਕਰ ਫਿਰਦਾ ਆਗ ਬੁਝੋਂਦਾ
ਅਮਨ ਚੇਨ ਦਾ ਕਤਲ ਉਸਦੇ ਉਤੇ ਹੈ ਮੁਸਕੋਂਦਾ
ਕਿਧਰੇ ਕੋਈ ਸਿਆਸਤਦਾਨ ਫਿਰਦਾ ਅਗ ਲਗੋਂਦਾ
ਵਿਰਲਾ ਵਿਰਲਾ ਕੋਈ ਕੋਈ ਫਿਰਦਾ ਅਗ ਬੁਝੋਂਦਾ
ਨਾਂ ਜਾਣੇ ਕਿਸਦੀ ਕੁਰਬਾਨੀ ਹੈ ਵਿਧਾਤਾ ਚਾਹੁੰਦਾ
ਜਦ ਤਕ ਅਗਨੀ ਸ਼ਾਂਤ ਨਾਂ ਹੋਵੇ ਮੈਨੂੰ ਚੈਨ ਨਹੀਂ ਆਓਂਦਾ
ਮਹਾਂਰਾਜ ਰਣਜੀਤ ਸਿੰਘ ਦਾ ਰਾਜ ਲਿਓਨਾਂ ਚਾਹੁੰਦਾ
ਜਿਥੇ ਤੇਰੇ ਮੇਰੇ ਦਾ ਕੋਈ ਭੇਦ ਭਾਵ ਨਹੀਂ ਹੁੰਦਾ
ਵੋਟਾਂ ਲੁਟਣ ਖਾਤਰ ਜਿਥੇ ਵੰਡੀਆਂ ਕੋਈ ਨਾਂ ਪੋਂਦਾ
ਉਤੋਂ ਨੇਤਾ ਨਿੰਦਿਆ ਕਰਦਾ ਅੰਦਰੋਂ ਹੈ ਮੁਸਕੋਂਦਾ
ਉਸਨੂੰ ਲਗਦਾ ਮੇਰੇ ਦਲ ਦਾ ਰਾਜ ਪਿਆ ਹੈ ਆਓਂਦਾ

ਅਏ ਮੇਰੇ ਪੰਜਾਬ ਤੇਰੀ ਅਗ ਬੁਝੋਣੀ ਚਾਹੁੰਦਾ
ਐਸੇ ਮੋਕੇ ਕੀ ਕਰੀਦਾ ਮੈਨੂੰ ਸਮਝ ਨਹੀਂ ਆਓਂਦਾ